# ਦਫਤਰ ਡਿਪਟੀ ਕਮਿਸ਼ਨਰ-ਕਮ-ਜਿਲ੍ਹਾ ਮੈਜਿਸਟਰੇਟ, ਫਰੀਦਕੋਟ।

## Office of the Deputy Commissioner-cum-District Magistrate, Faridkot.

(M.A Branch)

ਹੁਕਮ 425/ਟਸ

ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਵਲੋ ਕਰੋਨਾ ਵਾਇਰਸ ਬਿਮਾਰੀ ਨੂੰ ਮਹਾਂਮਾਰੀ ਘੋਸ਼ਿਤ ਕੀਤਾ ਗਿਆ ਹੈ। ਇਸ ਲਈ ਕਰੋਨਾ ਵਾਇਰਸ ਦੇ ਫੈਲਣ ਤੋ ਬਚਾਅ ਸਬੰਧੀ ਇਸ ਦਫਤਰ ਦੇ ਹੁਕਮ ਨੰ:212/ਫਸ ਮਿਤੀ 23.3.2020 ਜੋ ਕਿ ਪਿੰ:ਅੰ:ਨੰ: 1587/ਐਮ.ਏ. ਮਿਤੀ 23-3-2020 ਰਾਂਹੀ ਜਿਲ੍ਹਾ ਫਰੀਦਕੋਟ ਵਿਚ ਮਿਤੀ 23-3-2020 ਬਾਅਦ ਦੁਪਹਿਰ 2.00 ਵਜੇ ਤੋ ਅਗਲੇ ਹੁਕਮਾਂ ਤੱਕ ਕਰਫਿਊ ਲਗਾਇਆ ਗਿਆ ਸੀ ।

2 ਇਹ ਕਿ ਪੰਜਾਬ ਸਰਕਾਰ,ਮਾਲ,ਪੁਨਰਵਾਸ ਅਤੇ ਡਿਜਾਸਟਰ ਮੈਨਜਮੈਂਟ ਵਿਭਾਗ (ਅਸ਼ਟਾਮ ਅਤੇ ਰਜਿਸਟਰੇਸ਼ਨ ਸ਼ਾਖਾ) ਵਲੋ ਮੀਮੋ ਨੰ 01/02/2020/ਐਸ.ਟੀ.-2/6226-28 ਮਿਤੀ 06-05-2020 ਰਾਂਹੀ ਪੰਜਾਬ ਵਿੱਚ ਮਿਤੀ 08-05-2020 ਤੋਂ ਰਜਿਸਟਰੇਸ਼ਨ ਦੇ ਕੰਮ ਤੋਂ ਇਲਾਵਾ ਮਾਲ ਵਿਭਾਗ ਵਿੱਚ ਫਰਦ ਕੇਂਦਰ ਵੀ ਖੋਲੇ ਜਾਣ ਦਾ ਫੈਸਲਾ ਲਿਆ ਗਿਆ ਹੈ। ਜਿਲ੍ਹਾ ਫਰੀਦਕੋਟ ਵਿਚ ਫਰਦ ਕੇਂਦਰਾਂ ਦਾ ਕੰਮ ਕਰਨ ਦੀ ਪ੍ਰਵਾਨਗੀ ਹੇਠ ਲਿਖਿਆਂ ਸ਼ਰਤਾਂ ਦੇ ਆਧਾਰ ਤੇ ਦਿੱਤੀ ਜਾਂਦੀ ਹੈ:-

3 ਇਹ ਕਿ ਪੰਜਾਬ ਸਰਕਾਰ, ਪ੍ਰੋਸਨਲ ਵਿਭਾਗ(ਪੀ.ਪੀ.-2 ਸ਼ਾਖਾ) ਦੇ ਪੱਤਰ ਨੰ 12/7/2020-4ਪੀ.ਪੀ.2/223 ਮਿਤੀ 4-5-2020 ਰਾਂਹੀ **Guildelines for safe operation of Government Office establishments in the State of Punjab during COVID-19 Pandemic** ਜਾਰੀ ਕੀਤੀਆਂ ਗਈਆਂ ਹਨ ਦੀ ਇੰਨ ਬਿੰਨ ਪਾਲਣਾ ਇਸ ਜਿਲ੍ਹੇ ਦੇ ਸਮੂਹ ਉਪ ਮੰਡਲ ਮੈਜਿਸਟਰੇਟ / ਤਹਿਸੀਲਦਾਰ/ ਨਾਇਬ ਤਹਿਸੀਲਦਾਰ/ ਕਾਨੂੰਗੋ/ ਪਟਵਾਰੀ/ ਡੀ.ਐਸ.ਐਮ./ ਏ.ਐਸ.ਐਮ ਅਤੇ ਸੀ.ਐਮ.ਐਸ ਕੰਪਨੀ ਕਰਨਗੇ।

4 ਇਹ ਕਿ ਪੰਜਾਬ ਸਰਕਾਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ (ਐਨਐਚਐਮ ,ਪੰਜਾਬ) ਦੇ ਪੱਤਰ ਨੰ ਐਮਡੀ/ਐਨਐਚਐਮ/2020/3275/(ਆਰ)-3278(ਆਰ) ਮਿਤੀ 5-5-2020 ਰਾਂਹੀ ਜਾਰੀ ਕੀਤੀਆਂ ਗਈਆਂ ਹਦਾਇਤਾਂ ਜਿਸ ਵਿਚ ਕੋਵਿਡ-19 ਮਹਾਂਮਾਰੀ ਦੌਰਾਨ ਸਾਫ ਸਫਾਈ ਅਤੇ ਕੰਮ ਕਰ ਰਹੇ ਸਟਾਫ ਲਈ ਸਲਾਹਾਂ ਦਿੱਤੀਆਂ ਗਈਆਂ ਹਨ ਦੀ ਪਾਲਣਾ ਵੀ ਉਪ ਮੰਡਲ ਮੈਜਿਸਟਰੇਟ / ਤਹਿਸੀਲਦਾਰ/ ਨਾਇਬ ਤਹਿਸੀਲਦਾਰ/ ਕਾਨੂੰਗੋ/ ਪਟਵਾਰੀ/ ਡੀ.ਐਸ.ਐਮ./ ਏ.ਐਸ.ਐਮ ਅਤੇ ਸੀ.ਐਮ.ਐਸ ਕੰਪਨੀ ਕਰਨੀ ਯਕੀਨੀ ਬਣਾਉਣਗੇ।

5 ਇਹ ਕਿ ਪੰਜਾਬ ਸਰਕਾਰ,ਮਾਲ,ਪੁਨਰਵਾਸ ਅਤੇ ਡਿਜਾਸਟਰ ਮੈਨਜਮੈਂਟ ਵਿਭਾਗ (ਅਸ਼ਟਾਮ ਅਤੇ ਰਜਿਸਟਰੇਸ਼ਨ ਸ਼ਾਖਾ) ਦੇ ਮੀਮੋ ਨੰ 01/02/2020/ਐਸ.ਟੀ.-2/6226-28 ਮਿਤੀ 06-05-2020 ਰਾਂਹੀ ਜਾਰੀ ਹਦਾਇਤਾਂ ਦੀ ਇਸ ਜਿਲ੍ਹੇ ਨਾਲ ਸਬੰਧਤ ਉਪ ਮੰਡਲ ਮੈਜਿਸਟਰੇਟ / ਤਹਿਸੀਲਦਾਰ/ ਨਾਇਬ ਤਹਿਸੀਲਦਾਰ/ ਕਾਨੂੰਗੋ/ ਪਟਵਾਰੀ/ ਡੀ.ਐਸ.ਐਮ./ ਏ.ਐਸ.ਐਮ ਅਤੇ ਸੀ.ਐਮ.ਐਸ ਕੰਪਨੀ ਪਾਲਣਾ ਕਰਨਗੇ।

6 ਇਹ ਕਿ ਉਪ ਮੰਡਲ ਮੈਜਿਸਟਰੇਟ / ਤਹਿਸੀਲਦਾਰ/ ਨਾਇਬ ਤਹਿਸੀਲਦਾਰ/ ਕਾਨੂੰਗੋ/ ਪਟਵਾਰੀ/ ਡੀ.ਐਸ.ਐਮ./ ਏ.ਐਸ.ਐਮ ਅਤੇ ਸੀ.ਐਮ.ਐਸ ਕੰਪਨੀ/ਦਫਤਰਾਂ ਵਿਚ ਕੰਮ ਕਰਦੇ ਕੰਪਿਊਟਰ ਅਪਰੇਟਰ ਅਤੇ ਨਕਲਾਂ ਪ੍ਰਾਪਤ ਕਰਨ ਵਾਲੇ ਪ੍ਰਾਰਥੀਆਂ ਤੇ ਪੰਜਾਬ ਸਰਕਾਰ ਵਲੋ ਸਿਹਤ ਅਤੇ ਸੁਰੱਖਿਆ ਸਬੰਧੀ ਵੱਖ-2 ਸਮੇਂ ਤੇ ਜਾਰੀ ਕੀਤੀਆਂ ਗਈਆਂ ਹਦਾਇਤਾਂ ਅਤੇ ਦਿਸ਼ਾ ਨਿਰਦੇਸ਼ ਵੀ ਲਾਗੂ ਹੋਣਗੇ ਅਤੇ ਉਹ ਇਹਨਾਂ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਯਕੀਨੀ ਬਣਾਉਣਗੇ। ਡੀ.ਐਸ.ਐਮ. ਸਾਰੇ ਜਿਲ੍ਹੇ ਦਾ ਇੱਕ ਸ਼ਡਿਊਲ ਤਿਆਰ ਕਰੇਗਾ ਜਿਸ ਅਨੁਸਾਰ ਕੰਮ ਵਾਲੇ ਪਟਵਾਰੀ ਕਾਨੂੰਗੋ ਨੂੰ ਸਮੇਂ ਅਤੇ ਤਾਰੀਖ ਵਾਈਜ ਬੁਲਾਵੇਗਾ। ਇਹ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਉਪਰੋਕਤ ਰਜਿਸਟਰੇਸ਼ਨ ਦੇ ਕੰਮ ਸਮੇਂ ਸਮਾਜਿਕ ਦੂਰੀ ( 1.5 ਮੀਟਰ ਤੋ 2 ਮੀਟਰ) ਬਣਾਈ ਰੱਖਣੀ ਵੀ ਯਕੀਨੀ ਬਣਾਈ ਜਾਵੇ।

ਮਿਤੀ 07.05.2020

District Magistrate FARIDKOT

(ਕੁਮਾਰ ਸੋਰਭ ਰਾਜ,ਆਈ.ਏ.ਐਸ.)
ਜਿਲ੍ਹਾ ਮੈਜਿਸਟਰੇਟ,ਫਰੀਦਕੋਟ।

Scanned with CamScanner

District Magistrate
FARIDKOT

ਪਿੰ.ਅੰ.ਨੰ..੨੫੭੪.....ਫਸ ਮਿਤੀ 07-05-2020

ਇਸ ਦਾ ਇੱਕ ਉਤਾਰਾ:-

1 ਵਧੀਕ ਮੁੱਖ ਸਕੱਤਰ-ਕਮ-ਵਿੱਤੀ ਕਮਿਸ਼ਨਰ ,ਮਾਲ,ਪੰਜਾਬ ਸਰਕਾਰ,ਚੰਡੀਗੜ੍ਹ
2 ਡਾਇਰੈਕਟਰ ਭੌਂ ਰਿਕਾਰਡ, ਪੰਜਾਬ, ਕਪੂਰਥਲਾ ਰੋਡ ਜਲੰਧਰ
3 ਕਮਿਸ਼ਨਰ ਫਰੀਦਕੋਟ ਮੰਡਲ ,ਫਰੀਦਕੋਟ
4 ਸੀਨੀਅਰ ਪੁਲਿਸ ਕਪਤਾਨ,ਫਰੀਦਕੋਟ
5 ਉਪ ਮੰਡਲ ਮੈਜਿਸਟਰੇਟ ਫਰੀਦਕੋਟ/ਕੋਟਕਪੂਰਾ/ਜੈਤੋ
6 ਜਿਲ੍ਹਾ ਲੋਕ ਸੰਪਰਕ ਅਫਸਰ ਫਰੀਦਕੋਟ
7 ਸਮੂਹ ਤਹਿਸੀਲਦਾਰ/ ਨਾਇਬ ਤਹਿਸੀਲਦਾਰ/ ਕਾਨੂੰਗੋ/ ਪਟਵਾਰੀ/ ਡੀ.ਐਸ.ਐਮ./ ਏ.ਐਸ.ਐਮ ਅਤੇ ਸੀ.ਐਮ.ਐਸ ਕੰਪਨੀ ਪਾਸ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਜਿਲਾ ਮੈਜਿਸਟਰੇਟ,
ਫਰੀਦਕੋਟ।

Scanned with CamScanner